# ਸੌਦਾ ਸਾਧ, ਗੁਰੂ ਪੰਥ ਤੇ ਬਾਦਲ ਸਰਕਾਰ

**ਗੁਰੂ** ਨਾਨਕ ਪਾਤਸ਼ਾਹ ਹਜ਼ੂਰ ਨੇ ਸੱਚ ਤੇ ਨਾਮ ਦਾ ਪ੍ਰਕਾਸ਼ ਕਰਨ ਵਾਸਤੇ ਅਤੇ ਝੂਠ ਤੇ ਜ਼ੁਲਮ ਦਾ ਨਾਸ਼ ਕਰਨ ਵਾਸਤੇ ਖ਼ਾਲਸਾ ਪੰਥ ਪ੍ਰਗਟ ਕੀਤਾ ਹੈ। ਸਰਬੱਤ ਦਾ ਭਲਾ ਮੰਗਣ ਵਾਲਾ ਇਹ ਖ਼ਾਲਸਾ ਪੰਥ ਸ਼ੁਰੂ ਤੋਂ ਹੀ ਸੰਘਰਸ਼ ਵਿਚ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਚ ਗ੍ਰੱਸੇ ਹੋਏ ਜ਼ਾਲਮ ਤੇ ਦੰਭੀ ਮਨੁੱਖ ਕਿਸੇ ਨਾ ਕਿਸੇ ਰੂਪ ਵਿਚ ਖ਼ਾਲਸਾ ਪੰਥ ਦੇ ਸ਼ੁਰੂ ਤੋਂ ਹੀ ਦੁਸ਼ਮਣ ਰਹੇ ਹਨ ਪਰੰਤੂ 1947 ਤੋਂ ਬਾਅਦ ਖ਼ਾਲਸਾ ਪੰਥ ਦਾ ਸੰਘਰਸ਼ ਬਹੁਤ ਗੁੰਝਲਦਾਰ ਹੋ ਗਿਆ ਹੈ। ਇਕ ਪਾਸੇ ਤਾਂ ਪੰਥ ਉੱਤੇ ਹਮਲਾ ਬਹੁਤ ਸੂਖਮ ਰੂਪ ਵਿਚ ਹੋ ਰਿਹਾ ਹੈ, ਸਾਡੀ ਬਾਣੀ, ਸਾਡੇ ਸਾਹਿਤ ਅਤੇ ਸਾਡੀਆਂ ਇਤਿਹਾਸਕ ਪਰੰਪਰਾਵਾਂ ਉੱਤੇ ਸ਼ੰਕੇ ਖੜੇ ਕੀਤੇ ਜਾਂਦੇ ਹਨ ਅਤੇ ਦੂਜੇ ਪਾਸੇ ਸਭ ਤੋਂ ਅਹਿਮ ਸਮੱਸਿਆ ਇਹ ਹੈ ਕਿ ਮੌਜੂਦਾ ਦੌਰ ਵਿਚ ਹਮਲਾਵਰ ਵੀ ਸਿੱਖੀ ਰੂਪ ਵਿਚ ਹੈ ਭਾਵੇਂ ਪ੍ਰਤਾਪ ਸਿੰਘ ਕੈਰੋਂ ਹੋਵੇ ਜਾਂ ਜੈਲ ਸਿੰਘ ਹੋਵੇ ਜਾਂ ਦਰਬਾਰੇ, ਬੇਅੰਤੇ ਹੋਣ ਜਾਂ ਬਾਦਲ ਹੋਵੇ ਜਾਂ ਨਕਲੀ ਨਿਰੰਕਾਰੀ ਹੋਵੇ, ਰਾਧਾ ਸੁਆਮੀ ਹੋਵੇ ਜਾਂ ਸਿਰਸਾ ਸਾਧ ਹੋਵੇ, ਇਹ ਸਭ ਦਾੜ੍ਹੀ ਅਤੇ ਪੱਗ ਵਾਲੇ ਸਰੂਪ ਵਿਚ ਸਿੱਖ ਹੀ ਦਿਸਦੇ ਹਨ ਪਰੰਤੂ ਇਹਨਾਂ ਦੇ ਕਰਮ ਬਿਲਕੁਲ ਸਿੱਖੀ ਨਾਲ ਦਗਾ ਕਮਾਉਣ ਵਾਲੇ ਹਨ। ਸਭ ਨੇ ਬਿਪਰਵਾਦੀਆਂ ਵਲੋਂ ਸਿੱਖੀ ਨੂੰ ਖਤਮ ਕਰਨ ਦੇ ਚਲਾਏ ਜਾ ਰਹੇ ਕੁਕਰਮਾਂ ਵਿਚ ਹਿੱਸਾ ਪਾਇਆ ਹੈ।

ਮਈ 2007 ਤੋਂ ਬਾਦ ਸਿਰਸਾ ਸਾਧ ਦੇ ਮਾਮਲੇ ਵਿਚ ਅਸੀਂ ਥੋੜਾ ਗਹੁ ਨਾਲ ਹੋਏ ਘਟਨਾਕ੍ਰਮ ਨੂੰ ਦੇਖੀਏ ਤਾਂ ਇਹਨਾਂ ਭੇਖੀਆਂ ਦਾ ਸਿੱਖੀ ਪ੍ਰਤੀ ਕਮਾਇਆ ਧ੍ਰੋਹ ਉੱਭਰ ਕੇ ਸਾਹਮਣੇ ਆ ਜਾਵੇਗਾ।ਆਓ ਜਰਾ ਮਈ 2007 ਤੋਂ ਅੱਜ ਤੱਕ ਦੇ ਘਟਨਾਕ੍ਰਮ ਨੂੰ ਘੋਖੀਏ:-

1. 13 ਮਈ 2007 ਨੂੰ ਡੇਰਾ ਸਿਰਸਾ ਮੁਖੀ ਵਲੋਂ 11 ਮਈ ਨੂੰ ਗੁਰੂ ਗੋਬਿੰਦ ਸਿੰਘ ਜੀ ਵਰਗਾ ਪਹਿਰਾਵਾ ਪਹਿਨਕੇ ਅੰਮ੍ਰਿਤ ਦੀ ਨਕਲ ਕਰਕੇ "ਰੂਹਾਨੀ-ਜਾਮ" ਸਲਾਬਤਪੁਰਾ ਬਠਿੰਡਾ ਵਿਖੇ ਪਿਆਕੇ ਇਸ ਦਾ ਇਸ਼ਤਿਹਾਰ ਅਜੀਤ ਅਤੇ ਹਿੰਦੁਸਤਾਨ ਟਾਈਮਜ਼ ਵਿਚ ਛਪਵਾਇਆ ਗਿਆ।
2. 14 ਮਈ 2007 ਨੂੰ ਸੌਦਾ ਸਾਧ ਦੀ ਕਾਰਵਾਈ ਖਿਲਾਫ ਸ਼ਾਤਮਈ ਰੋਸ ਪ੍ਰਗਟ ਕਰ ਰਹੇ ਸਿੱਖਾਂ ਉਪਰ ਹਥਿਆਰਬੰਦ ਪ੍ਰੇਮੀਆਂ ਵਲੋਂ ਹਮਲਾ ਕਰਕੇ ਅਣਗਿਣਤ ਸਿੱਖ ਜਖ਼ਮੀ ਕਰ ਦਿੱਤੇ ਪਰ ਪੰਜਾਬ ਪੁਲਿਸ ਖੜੀ ਵੇਖਦੀ ਰਹੀ ਅਤੇ ਸੌਦਾ ਪ੍ਰੇਮੀ ਸਾਰਾ ਦਿਨ ਬਠਿੰਡੇ ਦੀਆਂ ਸੜਕਾਂ 'ਤੇ ਹੁਲੜਬਾਜੀ ਕਰਦੇ ਰਹੇ।ਸੌਦਾ ਸਾਧ ਦੇ ਸਮਰਥਕਾਂ ਵਲੋਂ ਵਰਤੀਆਂ ਗਈਆਂ ਡਾਂਗਾ ਇਕੋ ਕਿਸਮ ਦੀਆਂ ਸਨ, ਜਿਸ ਤੋ ਇਹ ਪਤਾ ਲਗਦਾ ਹੈ ਕਿ ਇਹ ਪੂਰੀ ਯੋਜਨਾ ਨਾਲ ਕੀਤਾ ਗਿਆ ਸੀ। ਸ਼ਹਿਰ ਵਿਚ ਸਾਰਾ ਦਿਨ ਪੁਲਿਸ ਅਤੇ ਸਰਕਾਰ ਦੀ ਗੈਰਹਾਜ਼ਰੀ ਰੜਕਦੀ ਰਹੀ ਤੇ ਹਥਿਆਰਬੰਦ ਹਮਲਾਵਰ ਲਲਕਾਰੇ ਮਾਰਦੇ ਰਹੇ। ਇਸੇ ਦਿਨ ਪੰਜਾਬ ਦੇ ਹੋਰ ਸ਼ਹਿਰਾਂ ਵਿਚ ਵੀ ਸਿੱਖਾਂ ਵਲੋਂ ਸ਼ਾਤਮਈ ਵਿਖਾਵੇ ਕੀਤੇ ਗਏ।ਸਾਰੀਆਂ ਅਖਬਾਰਾਂ ਵਿਚ ਇਸ ਗੁੰਡਾਗਰਦੀ ਦੇ ਨੰਗੇ ਨਾਚ ਨੂੰ ਫੋਟੋਆਂ ਸਮੇਤ ਵੇਖਿਆ ਜਾ ਸਕਦਾ ਹੈ।
3. 16 ਮਈ 2007 ਨੂੰ ਸਿੱਖ ਜਥੇਬੰਦੀਆਂ ਅਤੇ ਲੋਕਾਂ ਦੇ ਗੁੱਸੇ ਨੂੰ ਦੇਖਦੇ ਹੋਏ ਅਕਾਲ ਤਖਤ ਦੇ ਜਥੇਦਾਰ ਵਲੋਂ ਸੌਦਾ ਸਾਧ ਦੀਆਂ ਕਾਰਵਾਈਆਂ 'ਤੇ ਰੋਕ ਲਾਉਣ ਦੀ ਮੰਗ ਕੀਤੀ ਅਤੇ 17 ਮਈ ਨੂੰ ਤਖਤ ਦਮਦਮਾ ਸਾਹਿਬ ਵਿਖੇ ਸਿੱਖ ਜਥੇਬੰਦੀਆਂ ਦੀ ਮੀਟਿੰਗ ਸੱਦੀ ਗਈ।
4. 17 ਮਈ 2007 ਨੂੰ ਸਿੱਖਾਂ ਦੇ ਭਾਰੀ ਇੱਕਠ ਵਿਚ ਜਥੇਦਾਰਾਂ ਵਲੋਂ ਸਰਕਾਰ ਨੂੰ ਡੇਰੇ ਬੰਦ ਕਰਨ ਲਈ 72 ਘੰਟੇ ਦਾ ਅਲਟੀਮੇਟਮ ਦਿਤਾ ਗਿਆ।ਇਸ ਮੌਕੇ ਜੁੜੇ ਸਰਬੱਤ ਖ਼ਾਲਸੇ ਦੀ ਭਾਵਨਾ ਮੁਤਾਬਕ ਸਿੰਘ ਸਾਹਿਬਾਨ ਵਲੋਂ ਸੌਦਾ ਸਾਧ ਵਿਰੁੱਧ ਹੁਕਮਨਾਮਾ ਜਾਰੀ ਕੀਤਾ ਗਿਆ ਜਿਸ ਮੁਤਾਬਕ ਸਿੱਖ ਸੰਗਤ ਨੂੰ ਗੁਰਮੀਤ ਰਾਮ ਰਹੀਮ ਜਾਂ ਉਸ ਨਾਲ ਸਬੰਧਤ ਕਿਸੇ ਵਿਅਕਤੀ ਨਾਲ ਕਿਸੇ ਕਿਸਮ ਦੇ ਧਾਰਮਿਕ, ਸਮਾਜਿਕ, ਭਾਈਚਾਰਕ ਅਤੇ ਰਾਜਸੀ ਸਬੰਧ ਨਾ ਰੱਖਣ ਲਈ ਕਿਹਾ ਗਿਆ ਅਤੇ ਨਾਲ ਹੀ ਪੰਜਾਬ, ਹਰਿਆਣਾ ਤੇ ਕੇਂਦਰ ਦੀਆਂ ਸਰਕਾਰਾਂ ਨੂੰ ਉਸਦੀਆਂ ਗਤੀਵਿਧੀਆਂ ਤੇ ਡੇਰਿਆਂ ਨੂੰ ਬੰਦ ਕਰਾਉਣ ਅਤੇ ਉਸ ਤੇ ਉਸਦੇ ਆਦਮੀਆਂ ਖਿਲਾਫ ਧਾਰਮਿਕ ਭਾਵਨਾ ਨੂੰ ਠੇਸ ਪਹੁੰਚਾਉਣ ਲਈ ਕੇਸ ਦਰਜ ਕਰਨ ਦੀ ਤਾੜਨਾ ਕੀਤੀ ਗਈ ਸੀ। ਇਸੇ ਦਿਨ ਹਰਿਆਣਾ ਵਿਚ ਕਰਨਾਲ ਅਤੇ ਪੰਜਾਬ ਵਿਚ ਸੁਨਾਮ ਵਿਖੇ ਸਿੱਖਾਂ 'ਤੇ ਹਥਿਆਰਬੰਦ ਹਮਲੇ ਕੀਤੇ ਗਏ। ਸੁਨਾਮ ਵਿਖੇ ਭਾਈ ਕਮਲਜੀਤ ਸਿੰਘ ਸੁਨਾਮ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿਤਾ ਗਿਆ ਅਤੇ ਦਰਜ਼ਨਾਂ ਸਿੰਘ ਜਖ਼ਮੀ ਹੋ ਗਏ।
5. 18 ਮਈ 2007 ਨੂੰ ਵੋਟਾਂ ਖਾਤਰ ਸੌਦਾ ਸਾਧ ਦੇ ਚਰਨੀ ਲੱਗੇ ਪਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਬਾਦਲ ਦੀ ਫੋਟੋ ਸਪੋਕਸਮੈਨ ਵਿਚ ਛਪੀ ।
6. 20 ਮਈ 2007 ਨੂੰ ਤਖ਼ਤ ਸ੍ਰੀ ਦਮਦਮਾ ਸਹਿਬ ਤੋਂ ਪੰਜ ਸਾਹਿਬਾਨ ਵਲੋਂ ਜਾਰੀ ਕੀਤੇ ਹੁਕਮਨਾਮੇ ਦੀ ਅਕਾਲ ਤਖ਼ਤ ਸਾਹਿਬ ਤੋਂ ਪ੍ਰੋੜਤਾ ਕਰਦਿਆਂ ਸ੍ਰੀ ਫਤਿਹਗੜ ਸਾਹਿਬ ਤੋ ਚੰਡੀਗੜ ਤੱਕ ਮਾਰਚ ਕਰਨ ਦੇ ਨਾਲ ਨਾਲ ਇਸ ਸਬੰਧੀ ਕਾਰਵਾਈ ਕਰਨ ਲਈ 9 ਮੈਂਬਰੀ ਪੰਥਕ ਕਮੇਟੀ ਬਣਾਉਣ ਦੀ ਤਜ਼ਵੀਜ਼ ਰੱਖੀ ਗਈ ਜਿਸ ਨੂੰ ਅੱਜ ਤੱਕ ਵੀ ਸਿਰੇ ਨਹੀਂ ਚਾੜਿਆ ਗਿਆ।
7. 31 ਮਈ 2007 ਨੂੰ ਸ੍ਰੀ ਫਤਿਹਗੜ ਸਾਹਿਬ ਤੋਂ ਚੰਡੀਗੜ ਤੱਕ ਰੋਸ ਮਾਰਚ ਨੂੰ ਬਾਦਲ ਸਰਕਾਰ ਦੇ ਦਬਾਅ ਨਾਲ ਗੁਰਦੁਆਰਾ ਫਤਿਹਗੜ ਸਾਹਿਬ ਤੋਂ ਗੁਰਦੁਆਰਾ ਜੋਤੀ ਸਰੂਪ ਤੱਕ ਹੀ ਸੀਮਤ ਕਰ ਦਿੱਤਾ ਗਿਆ ਅਤੇ ਇਸ ਸਰਕਾਰੀ ਦਬਾਅ ਦਾ ਵਿਰੋਧ ਕਰਨ ਕਾਰਨ ਭਾਈ ਦਲਜੀਤ ਸਿੰਘ ਬਿੱਟੂ ਤੇ ਹੋਰਾਂ ਵਿਰੁਧ ਦੇਸ਼-ਧ੍ਰੋਹੀ ਦਾ ਕੇਸ ਦਰਜ ਕੀਤਾ ਗਿਆ।
8. 4 ਜੂਨ 2007 ਨੂੰ ਪੰਥਕ ਜਥੇਬੰਦੀਆ ਵਲੋਂ ਖ਼ਾਲਸਾ ਐਕਸ਼ਨ ਕਮੇਟੀ ਦਾ ਗਠਨ ਲੁਧਿਆਣਾ ਵਿਖੇ ਕੀਤਾ ਗਿਆ ਅਤੇ 24 ਜੂਨ ਨੂੰ ਦੀਨਾ ਕਾਂਗੜ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤੱਕ ਖ਼ਾਲਸਾ ਮਾਰਚ ਕਰਨ ਦਾ ਐਲਾਨ ਕੀਤਾ ਗਿਆ।
9. 8 ਜੂਨ 2007 ਨੂੰ ਪਿੰਡ ਮਨਸੂਰਦੇਵਾ ਜਿਲ੍ਹਾ ਫਿਰੋਜ਼ਪੁਰ ਵਿਚ ਸੌਦਾ ਪ੍ਰੇਮੀਆਂ ਅਤੇ ਸਿੱਖ ਸੰਗਤਾਂ ਵਿਚ ਝੜਪ ਹੋਈ ਜਿਸ ਵਿਚ ਪੁਲਿਸ ਵਲੋਂ ਸਿੱਖ ਸੰਗਤਾਂ ਉੱਤੇ ਗੋਲੀਆਂ ਵੀ ਚਲਾਈਆਂ ਗਈਆਂ।
10. 10 ਜੂਨ 2007 ਨੂੰ ਬਾਦਲ ਵਲੋਂ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਚੰਡੀਗੜ੍ਹ ਵਿਖੇ ਮੀਟਿੰਗ ਕਰਕੇ ਕਿਹਾ ਕਿ ਉਹ ਡੇਰੇ ਸਿਰਸੇ ਵਿਰੋਧੀ ਕੋਈ ਸਰਗਰਮੀ ਨਾ ਕਰਨ।
11. 18 ਜੂਨ 2007 ਨੂੰ ਬਾਦਲ ਦੇ ਦਬਾਅ ਅਧੀਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਦੇਸ਼ ਮੁਤਾਬਕ ਸੰਤ ਸਮਾਜ ਵਲੋਂ ਮੋਹਾਲੀ-ਚੰਡੀਗੜ੍ਹ ਵਿਖੇ ਸ਼ੁਰੂ ਕੀਤਾ ਅਣਮਿੱਥੇ ਸਮੇਂ ਦਾ ਧਰਨਾ ਖਤਮ ਕਰਵਾ ਦਿੱਤਾ ਗਿਆ।
12. 20 ਜੂਨ 2007 ਨੂੰ ਡੇਰੇ ਵਲੋਂ ਜਥੇਦਾਰ ਵੇਦਾਂਤੀ ਲਈ ਅਖੌਤੀ ਮਾਫੀ ਦਾ ਸੀਲਬੰਦ ਲਿਫਾਫਾ ਭੇਜਿਆ।
13. 21 ਜੂਨ 2007 ਨੂੰ ਕਾਂਗਰਸੀ ਵਿਧਾਇਕ ਦਲ ਦੀ ਨੇਤਾ ਰਜਿੰਦਰ ਕੌਰ ਭੱਠਲ ਅਤੇ ਹੋਰ ਵਿਧਾਇਕਾਂ ਵਲੋਂ ਡੇਰਾ ਮੁਖੀ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਗਿਆ।
14. 24 ਜੂਨ, 2007 ਨੂੰ ਦੀਨਾ ਕਾਂਗੜ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤੱਕ ਹਜ਼ਾਰਾਂ ਸਿੱਖ ਸੰਗਤਾਂ ਨੇ ਲਾ-ਮਿਸਾਲ ਖ਼ਾਲਸਾ ਮਾਰਚ ਕੀਤਾ।
15. 29 ਜੂਨ, 2007 ਨੂੰ ਸੌਦਾ ਸਾਧ ਨੂੰ ਸਲਾਬਤਪੁਰਾ ਕੇਸ ਵਿਚ ਹਾਈਕੋਰਟ ਵਲੋਂ ਪੇਸ਼ਗੀ ਜ਼ਮਾਨਤ ਦਿੱਤੀ ਗਈ।
16. 11 ਜੁਲਾਈ, 2007 ਨੂੰ ਰਤੀਆ (ਹਰਿਆਣਾ) ਵਿਚ ਅਕਾਲ ਤਖ਼ਤ ਸਾਹਿਬ ਵਲੋਂ ਸਿੱਖ ਕਾਨਫਰੰਸ ਰੱਖੀ ਗਈ ਸੀ ਪਰ ਇਸ ਨੂੰ ਵੀ ਬਾਦਲ ਸਰਕਾਰ ਵਲੋਂ ਐਨ ਮੌਕੇ ਉੱਤੇ ਦਬਾਅ ਬਣਾ ਕੇ ਸਿੰਘ ਸਾਹਿਬਾਨ ਵਲੋਂ ਕੈਂਸਲ ਕਰਵਾ ਦਿੱਤਾ ਗਿਆ ਜਿਸ ਨਾਲ ਸਿੱਖ ਸੰਗਤਾਂ ਵਿਚ ਰੋਸ ਦੀ ਲਹਿਰ ਫੈਲ ਗਈ ਕਿ ਜਥੇਦਾਰਾਂ ਵਲੋਂ ਬਾਦਲ ਸਰਕਾਰ ਮੁਤਾਬਕ ਫੈਸਲੇ ਲੈਣੇ ਪੰਥ ਲਈ ਘਾਤਕ ਸਿੱਧ ਹੋਣਗੇ।
17. 15 ਜੁਲਾਈ 2007 ਨੂੰ ਖ਼ਾਲਸਾ ਐਕਸ਼ਨ ਕਮੇਟੀ ਵਲੋ ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਪਿੰਡ ਰੋਡੇ ਤੋ ਸੌਦਾ ਸਾਧ ਦੀ ਗ੍ਰਿਫਤਾਰੀ ਲਈ ਖ਼ਾਲਸਾ ਮਾਰਚ ਕੀਤਾ ਗਿਆ ਅਤੇ ਇਸੇ ਦਿਨ ਰਾਜਸਥਾਨ ਵਿਚ ਪਿੰਡ ਬੁਧਰਾਂਵਾਲੀ ਵਿਚ ਸੌਦਾ ਸਾਧ ਅਤੇ ਸਿੱਖਾਂ ਵਲੋਂ ਸਮਾਨੰਤਰ ਪ੍ਰੋਗਰਾਮ ਕੀਤੇ ਗਏ।
18. 16 ਜੁਲਾਈ 2007 ਨੂੰ ਪਿੰਡ ਘੁਕਿਆਂਵਾਲੀ ਵਿਖੇ ਸੌਦਾ ਸਾਧ ਦੀ ਹਾਜ਼ਰੀ 'ਚ ਸਿੰਘਾਂ 'ਤੇ ਪੁਲਿਸ ਵਲੋਂ ਲਾਠੀਚਾਰਜ਼ ਕੀਤਾ ਗਿਆ ਅਤੇ ਕਈ ਸਿੰਘ ਫੱਟੜ ਹੋਏ ਅਤੇ 400 ਸਿੱਖਾਂ ਉਪਰ ਕੇਸ ਦਰਜ਼ ਕੀਤਾ ਗਿਆ।ਇੱਥੇ ਸੌਦਾ ਸਾਧ ਨੇ ਆਪਣੀ ਜਾਨ ਬਚਾਉਣ ਲਈ ਨੰਗੇ ਪੈਰੀਂ ਹੀ ਖਿਸਕ ਜਾਣ ਵਿਚ ਆਪਣੀ ਭਲਾਈ ਸਮਝੀ।
19. 18 ਜੁਲਾਈ 2007 ਨੂੰ ਲੁਧਿਆਣਾ ਨੇੜੇ ਪਿੰਡ ਲੁਹਾਰਾ 'ਚ ਸਿੱਖਾਂ ਅਤੇ ਪ੍ਰੇਮੀਆਂ ਵਿਚ ਝੜਪ ਦੌਰਾਨ 4 ਸਿੱਖ ਫੱਟੜ ਹੋ ਗਏ ਪਰ ਪੁਲਿਸ ਨੇ ਸਿੱਖ ਨੌਜਵਾਨਾਂ ਉੱਤੇ ਹੀ ਕੇਸ ਦਰਜ਼ ਕਰਕੇ ਉਹਨਾਂ ਨੂੰ ਹਿਰਾਸਤ ਵਿਚ ਲੈ ਲਿਆ।
20. 24 ਜੁਲਾਈ 2007 ਨੂੰ ਜਥੇਦਾਰ ਨੰਦਗੜ ਨੇ ਕਿਹਾ ਕਿ ਸਿਆਸੀ ਲੋਕਾਂ ਦੀ ਕੁਰਸੀ ਦੀ ਭੁੱਖ ਕਾਰਨ ਸੌਦਾ ਸਾਧ ਜਿਹੇ ਕਾਂਡ ਵਾਪਰਦੇ ਹਨ।ਇਸੇ ਦਿਨ ਕਾਲਾਂਵਾਲੀ (ਹਰਿਆਣਾ) ਸੌਦਾ ਪ੍ਰੇਮੀਆਂ ਨੇ ਸਿੰਘਾਂ ਉਪਰ ਗੋਲੀਆਂ ਚਲਾਈਆਂ ਜਿਸ ਕਾਰਨ 8 ਸਿੱਖ ਜ਼ਖਮੀ ਹੋ ਗਏ।

21. 26 ਜੁਲਾਈ 2007 ਨੂੰ ਸੌਦਾ ਸਾਧ ਵਲੋਂ ਹਿੰਦੂਆਂ ਅਤੇ ਦਲਿਤਾਂ ਨੂੰ ਸਿੱਖਾਂ ਵਿਰੁੱਧ ਭੜਕਾਉਣ ਲਈ ਇਕ ਪੱਤਰ ਜਾਰੀ ਕਰ ਕੇ ਸਿੱਖਾਂ ਨੂੰ ਅੱਤਿਆਚਾਰੀ ਦੱਸਿਆ। ਇਸੇ ਦਿਨ ਸਾਧ ਦੇ ਡਰਾਇਵਰ ਵਲੋਂ ਸਾਧ ਦੀਆਂ ਕਈ ਕਰਤੂਤਾਂ ਦਾ ਪਰਦਾਫਾਸ਼ ਕੀਤਾ ਗਿਆ।

22. 28 ਜੁਲਾਈ 2007 ਨੂੰ ਪਿੰਡ ਭੋਡੀਪੁਰਾ (ਬਠਿੰਡਾ) 'ਚ ਸ਼ਰਾਬੀ ਪ੍ਰੇਮੀਆ ਵਲੋਂ ਗੁਰੂ ਘਰ ਆਕੇ ਸਿੱਖਾਂ ਨੂੰ ਧਮਕੀਆਂ ਦਿੱਤੀਆਂ ਗਈਆਂ ਪਰ ਪੁਲਿਸ ਵਲੋਂ ਕੋਈ ਕਾਰਵਾਈ ਨਾ ਕੀਤੀ ਗਈ।

23. 30 ਜੁਲਾਈ, 2007 ਨੂੰ ਸੌਦਾ ਪ੍ਰੇਮੀਆਂ ਵਲੋਂ ਅਖਬਾਰੀ ਬਿਆਨ ਰਾਹੀਂ ਸਿੱਖ ਆਗੂਆਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਪਰ ਪੰਜਾਬ ਸਰਕਾਰ ਜਾਂ ਪੁਲਿਸ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ।

24. 7 ਅਗਸਤ, 2007 ਨੂੰ ਇੰਡੀਆ ਟੀਵੀ ਵਲੋਂ ਸੌਦਾ ਸਾਧ ਸਬੰਧੀ ਸਨਸਨੀਖੇਜ਼ ਪ੍ਰਗਟਾਵੇ ਕਰਦਿਆ ਦੱਸਿਆ ਗਿਆ ਕਿ ਸੌਦਾ ਸਾਧ ਸਾਰੇ ਧਰਮਾਂ ਦਾ ਮਜ਼ਾਕ ਉਡਾਉਂਦਾ ਹੈ ਅਤੇ ਆਪਣੇ ਆਪ ਨੂੰ ਅੱਜ ਦੇ ਯੁੱਗ ਦਾ ਭਗਵਾਨ ਵੀ ਦੱਸਦਾ ਹੈ। ਡੇਰੇ ਦੀ ਕਿਤਾਬ ਪਾਰਸ ਦੀ ਵੱਟੀ ਵਿਚ ਇਹ ਸਭ ਕੁਝ ਦਰਜ ਹੈ।

25. 8 ਅਗਸਤ, 2007 ਨੂੰ ਸੌਦਾ ਸਾਧ ਵਲੋਂ ਸਰਸੇ ਵਿਚ ਇਕ ਹੋਰ ਪਖੰਡ ਰਚ ਕੇ ਮੁਸਲਮਾਨੀ ਬਾਣਾ ਪਹਿਨ ਕੇ ਮੁਰਸ਼ਦ ਹੋਣ ਦਾ ਐਲਾਨ ਕੀਤਾ ਗਿਆ ਤੇ ਕੱਵਾਲੀਆਂ ਵੀ ਗਾਈਆਂ ਗਈਆਂ ਜਿਸ ਰਾਹੀਂ ਇਸਲਾਮ ਧਰਮ ਦਾ ਵੀ ਮਜ਼ਾਕ ਉਡਾਇਆ ਗਿਆ।

26. 23 ਅਗਸਤ, 2007 ਨੂੰ ਅਖਬਾਰਾਂ ਵਿਚ ਸੌਦਾ ਸਾਧ ਡੇਰੇ ਦੀਆਂ ਪੰਜ ਔਰਤਾਂ ਵਲੋਂ ਪੰਥਕ ਆਗੂਆਂ ਨੂੰ ਮਾਰਨ ਲਈ ਮਨੁੱਖੀ ਬੰਬ ਬਣਨ ਦੇ ਐਲਾਨ ਦੀਆਂ ਖਬਰਾਂ ਲੱਗੀਆਂ ਪਰ ਸਰਕਾਰ ਵਲੋਂ ਕੋਈ ਕਾਰਵਾਈ ਨਾ ਕੀਤੀ ਗਈ ਜਦਕਿ ਇਹਨਾਂ ਦੀਆਂ ਤਸਵੀਰਾਂ ਵੀ ਜਾਰੀ ਹੋ ਚੁੱਕੀਆਂ ਸਨ। ਦੂਜੇ ਪਾਸੇ ਪੰਜਾਬ ਪੁਲਿਸ ਨੇ ਦਰਜ਼ਨਾਂ ਸਿੱਖਾਂ ਸਿਰ ਸੌਦਾ ਸਾਧ ਨੂੰ ਮਨੁੱਖੀ ਬੰਬ ਬਣਕੇ ਮਾਰਨ ਦੀ ਸਾਜ਼ਿਸ ਰਚਣ ਦਾ ਝੂਠਾ ਦੋਸ਼ ਮੜ੍ਹ ਕੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ।

27. 27 ਅਗਸਤ, 2007 ਨੂੰ ਪਿੰਡ ਭੰਗਚੜੀ, ਮੁਕਤਸਰ ਵਿਖੇ ਸਿੱਖਾਂ ਤੇ ਪ੍ਰੇਮੀਆਂ ਵਿਚ ਟਕਰਾਅ ਹੋਇਆ।

28. 31 ਅਗਸਤ, 2007 ਨੂੰ ਸੰਗਰੂਰ ਸ਼ਹਿਰ ਵਿਚ ਡੇਰਾ ਪ੍ਰੇਮੀਆਂ ਵਲੋਂ ਇਕੱਲੇ-ਇਕੱਲੇ ਸਿੱਖਾਂ ਦੀ ਕੁੱਟ-ਮਾਰ ਅਰੰਭ ਕੀਤੀ ਗਈ। ਬਾਦਲ ਸਰਕਾਰ ਵਲੋਂ ਥਾਣਿਆਂ ਵਿਚ ਸੌਦਾ ਪ੍ਰੇਮੀਆਂ ਖਿਲਾਫ ਕੇਸ ਦਰਜ ਕਰਨ ਦੀਆਂ ਮਨਾਹੀਆਂ ਦੇ ਹੁਕਮ ਕਰ ਦਿੱਤੇ ਗਏ।

29. 2 ਸਤੰਬਰ, 2007 ਨੂੰ ਪਿੰਡ ਆਲਮਪੁਰ ਮੰਦਰਾਂ (ਮਾਨਸਾ) ਵਿਚ ਕੂੜ ਚਰਚਾ ਕਾਰਨ ਡੇਰਾ ਪ੍ਰੇਮੀਆਂ ਅਤੇ ਸਿੱਖਾਂ ਵਿਚਕਾਰ ਟਕਰਾਅ ਦੌਰਾਨ 24 ਜਖਮੀ ਹੋਏ।

30. 5 ਸਤੰਬਰ, 2007 ਨੂੰ ਸੌਦਾ ਪ੍ਰੇਮੀਆਂ ਵਲੋਂ ਸਮਾਣਾ ਵਿਚ ਸਿੱਖਾਂ ਉੱਤੇ ਕਾਤਲਾਨਾ ਹਮਲਾ ਕੀਤਾ।

31. 6 ਸਤੰਬਰ, 2007 ਨੂੰ ਬਠਿੰਡੇ ਦੇ ਪਿੰਡ ਬੰਗੀ ਨਿਹਾਲ ਸਿੰਘ ਵਿਚ ਪੁਲਿਸ ਸੁਰੱਖਿਆ ਹੇਠ ਕੂੜ-ਚਰਚਾ ਕਰਵਾਈ ਗਈ।

32. 16 ਸਤੰਬਰ, 2007 ਨੂੰ ਪਿੰਡ ਬਾਲੀਆ (ਸੰਗਰੂਰ) ਵਿਚ ਸੌਦਾ ਪ੍ਰੇਮੀ ਤੇ ਭਨਿਆਰਾਂਵਾਲੇ ਸਮਰਥਕਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਤਾਂ ਸਿੱਖਾਂ ਨਾਲ ਹੋਈ ਝੜਪ ਵਿਚ 2 ਸਿੰਘ ਜਖਮੀ ਹੋ ਗਏ।

33. 16 ਸਤੰਬਰ, 2007 ਨੂੰ ਸੌਦਾ ਪ੍ਰੇਮੀਆਂ ਵਲੋਂ ਪਿੰਡ ਜਵੰਦਾ (ਸੰਗਰੂਰ) ਵਿਚ ਇਕ ਸਿੱਖ ਉੱਤੇ ਕਾਤਲਾਨਾ ਹਮਲਾ ਕੀਤਾ।

34. 19 ਸਤੰਬਰ, 2007 ਪਿੰਡ ਦਾਦੂ (ਹਰਿਆਣਾ) ਵਿਚ ਸਿੱਖਾਂ ਤੇ ਸੌਦਾ ਪ੍ਰੇਮੀਆਂ ਵਿਚ ਝੜਪ ਹੋਈ, 8 ਸਿੱਖ ਫੱਟੜ ਹੋਏ।

35. 1 ਜਨਵਰੀ, 2008 ਨੂੰ ਅਬੋਹਰ ਦੀ ਜੰਮੂ ਬਸਤੀ ਵਿਚ ਬਾਦਲ ਸਰਕਾਰ ਦੀ ਪੁਲਿਸ ਨੇ ਸੁਰੱਖਿਆ ਦੇ ਕੇ ਕੂੜ-ਚਰਚਾ ਕਰਵਾਈ।

36. 12 ਜਨਵਰੀ, 2008 ਨੂੰ ਪਟਿਆਲਾ ਕਚਹਿਰੀਆਂ ਵਿਚ ਪ੍ਰੇਮੀਆਂ ਵਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਜੀ ਦੇ ਖਿਲਾਫ 302 ਦਾ ਇਸਤਗਾਸਾ ਕਰ ਦਿੱਤਾ ਗਿਆ।

37. 15 ਜਨਵਰੀ, 2008 ਨੂੰ ਬਠਿੰਡਾ ਦੇ ਮੁਹੱਲਾ ਹਾਜ਼ੀ ਰਤਨ ਗੇਟ ਵਿਚ ਪ੍ਰੇਮੀਆਂ ਵਲੋਂ ਚਰਚਾ ਦਾ ਵਿਰੋਧ ਕਰ ਰਹੇ 250 ਸਿੰਘਾਂ ਉੱਤੇ ਕੇਸ ਦਰਜ਼ ਕੀਤੇ ਗਏ।

38. 16 ਜਨਵਰੀ, 2008 ਨੂੰ ਬਠਿੰਡਾ ਦੇ ਗੁਰੂ ਨਾਨਕ ਮੁਹੱਲੇ ਵਿਚ ਕੂੜ ਚਰਚਾ ਰੋਕਣ ਲਈ ਹਜ਼ਾਰਾਂ ਸਿੱਖਾਂ ਵਲੋਂ ਪ੍ਰਸ਼ਾਸ਼ਨ ਨੂੰ ਚੇਤਾਵਨੀ ਦਿੱਤੀ ਜਾਣ ਦੇ ਬਾਵਜੂਦ ਪੁਲਿਸ ਨੇ ਸਿੱਖਾਂ ਨੂੰ ਹੀ ਥਾਣੇ ਵਿਚ ਬੰਦ ਕੀਤਾ।

39. 21 ਜਨਵਰੀ, 2008 ਨੂੰ ਪਾਤੜਾਂ ਦੀ ਅਨਾਜ ਮੰਡੀ ਵਿਚ ਹੋਏ ਇਕੱਠ ਵਿਚ ਸ਼ਾਮਲ ਹੋਏ ਬਾਦਲ ਦਲੀਏ ਚਰਨਜੀਤ ਸਿੰਘ ਅਟਵਾਲ, ਕੈਪਟਨ ਕੰਵਲਜੀਤ ਸਿੰਘ ਤੇ ਗੁਰਦੇਵ ਸਿੰਘ ਸਿੱਧੂ ਨੇ ਸੌਦਾ ਪ੍ਰੇਮੀਆਂ ਨੂੰ ਨਾਲ ਜੋੜਨ ਦੀ ਗੱਲ ਕੀਤੀ ਅਤੇ ਕਿਹਾ ਡੇਰਾ-ਸਿੱਖ ਵਿਵਾਦ ਕਾਰਨ ਹੀ ਲੋਕ ਸਾਡੇ ਤੋਂ ਦੂਰ ਜਾ ਰਹੇ ਹਨ।

40. 27 ਜਨਵਰੀ 2008 ਨੂੰ ਗੁਰਦੁਆਰਾ ਸੂਲੀਸਰ, ਕੋਟ ਧਰਮੂੰ, ਜਿਲ੍ਹਾ ਮਾਨਸਾ ਵਿਚ ਹੋਈ ਪੰਥਕ ਜਥੇਬੰਦੀਆਂ ਦੀ ਮੀਟਿੰਗ ਵਿਚ ਸਿੱਖ ਸੰਗਤਾਂ ਵਲੋਂ ਸੌਦਾ ਪ੍ਰੇਮੀਆਂ ਵਲੋਂ ਆਪਣੇ ਝੰਡਿਆਂ ਵਿਚ ੴ ਲਿਖਣ ਦਾ ਗੰਭੀਰ ਨੋਟਿਸ ਲਿਆ ਅਤੇ ਪ੍ਰਸ਼ਾਸ਼ਨ ਵਲੋਂ ਕੋਈ ਕਾਰਵਾਈ ਹੁੰਦੀ ਨਾ ਦੇਖ ਆਪ ਕਾਰਵਾਈ ਕਰਨ ਦਾ ਮਤਾ ਪਕਾਇਆ ਗਿਆ ਤਾਂ ਸ਼੍ਰੋਮਣੀ ਕਮੇਟੀ ਮੈਂਬਰ ਮਨਜੀਤ ਸਿੰਘ ਬੱਪੀਆਣਾ ਅਤੇ ਸੁਰਜੀਤ ਸਿੰਘ ਰਾਏਪੁਰ ਖੁਦ ਸੰਗਤਾਂ ਨੂੰ ਬੁਲਾ ਕੇ ਸੌਦਾ ਸਾਧ ਵਿਰੁੱਧ ਫੈਸਲਾ ਲੈਣ ਤੋਂ ਭੱਜ ਗਏ।

41. 31 ਜਨਵਰੀ, 2008 ਨੂੰ ਬਠਿੰਡਾ ਜਿਲ੍ਹੇ ਦੇ ਫੂਲ ਕਸਬੇ ਵਿਚ ਸੌਦਾ ਪ੍ਰੇਮੀਆਂ ਵਲੋਂ ਕੀਤੀ ਚਰਚਾ ਨੂੰ ਰੋਕਣ ਵਾਲੇ ਸਿੰਘਾਂ ਉੱਤੇ ਪੰਜਾਬ ਦੀ ਬਾਦਲ ਸਰਕਾਰ ਦੀ ਪੁਲਿਸ ਨੇ 60 ਸਿੰਘਾਂ ਉੱਤੇ ਕੇਸ ਦਰਜ ਕਰ ਦਿੱਤਾ।

42. 2 ਫਰਵਰੀ, 2008 ਨੂੰ ਸੌਦਾ ਸਾਧ ਦੀਆਂ ਸਰਗਰਮੀਆਂ ਬੰਦ ਕਰਨ ਲਈ ਸਰਕਾਰ ਵਲੋਂ ਕੋਈ ਕਾਰਵਾਈ ਨਾ ਹੁੰਦੀ ਦੇਖ ਕੇ ਸਿੱਖ ਨੌਜਵਾਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਿੱਤੇ ਸਿਧਾਂਤਾਂ ਮੁਤਾਬਕ ਉਸ ਦਾ ਸਫਾਇਆ ਕਰਨ ਦੇ ਇਰਾਦੇ ਨਾਲ ਹਮਲਾ ਕੀਤਾ ਪਰ ਉਹ ਦੁਸ਼ਟ ਬਚ ਗਿਆ। ਇਸ ਕਾਰਨ ਭਾਈ ਸਵਰਨ ਸਿੰਘ ਕੋਟ ਧਰਮੂੰ, ਭਾਈ ਮਹਿੰਦਰ ਸਿੰਘ ਅਸੰਧ, ਭਾਈ ਜੱਸਾ ਸਿੰਘ ਪਿੱਪਲ-ਥੇਹ, ਭਾਈ ਹੁਸ਼ਿਆਰ ਸਿੰਘ ਝੰਡੇ ਕਲਾਂ, ਭਾਈ ਗੁਰਿੰਦਰ ਸਿੰਘ ਘੋਨਾ, ਬੀਬੀ ਪ੍ਰਵੀਨ ਕੌਰ, ਭਾਈ ਧਰਮਿੰਦਰ ਸਿੰਘ ਉੱਤੇ ਕਰਨਾਲ ਕੇਸ ਵਿਚ ਅੱਜ ਵੀ ਕੇਸ ਚੱਲ ਰਿਹਾ ਹੈ। ਇਸੇ ਦੋਸ਼ ਤਹਿਤ ਭਾਈ ਬਖਸ਼ੀਸ਼ ਸਿੰਘ ਪਟਿਆਲਾ ਨੂੰ ਭਗੌੜਾ ਕਰਾਰ ਦੇ ਦਿੱਤਾ ਗਿਆ ਤੇ ਉਸਦੀ ਘਰਵਾਲੀ ਬੀਬੀ ਪਰਮਜੀਤ ਕੌਰ ਤੇ ਤਿੰਨ ਮਾਸੂਮ ਬੱਚਿਆਂ ਨੂੰ ਪੁਲਸ ਵਲੋਂ ਤੰਗ-ਪ੍ਰੇਸ਼ਾਨ ਵੀ ਕੀਤਾ ਜਾਂਦਾ ਰਿਹਾ ਹੈ।

43. 3 ਫਰਵਰੀ, 2008 ਨੂੰ ਪੁਲਿਸ ਸੁਰੱਖਿਆ ਅਧੀਨ ਸੈਂਕੜੇ ਪ੍ਰੇਮੀਆਂ ਨੂੰ ਸਲਾਬਤਪੁਰ ਡੇਰੇ ਵਿਚ ਵਾੜਿਆ ਗਿਆ।

44. 3 ਫਰਵਰੀ, 2008 ਨੂੰ ਬਠਿੰਡਾ ਦੀ ਥਰਮਲ ਕਲੋਨੀ ਵਿਚ ਪੁਲਿਸ ਸੁਰੱਖਿਆ ਅਧੀਨ ਚੋਰ-ਚਰਚਾ ਕਰਵਾਈ ਗਈ।

45. 7 ਫਰਵਰੀ, 2008 ਨੂੰ ਸ਼੍ਰੋਮਣੀ ਕਮੇਟੀ ਮੈਂਬਰ ਸ. ਕਰਨੈਲ ਸਿੰਘ ਪੰਜੋਲੀ ਵਲੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਸੌਦਾ ਸਾਧ ਵਿਰੁੱਧ ਹੁਕਮਨਾਮੇ ਦੇ ਰਾਹ ਵਿਚ ਰੋੜਾ ਬਣਨ ਕਾਰਨ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕਰਨ ਦੀ ਮੰਗ ਕੀਤੀ।

46. 10 ਫਰਵਰੀ, 2008 ਨੂੰ ਭਾਈ ਰੂਪਾ ਤੋ ਕੱਢੇ ਜਾਣ ਵਾਲੇ ਚੇਤਨਾ ਮਾਰਚ ਨੂੰ ਰੋਕਣ ਲਈ ਪੰਜਾਬ ਦੀ ਬਾਦਲ ਸਰਕਾਰ ਵਲੋਂ ਦਿੱਤੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਪੁਲਿਸ ਨੇ ਪੰਥਕ ਆਗੂਆਂ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਕੀਤੀ ਅਤੇ ਕਈ ਪੰਥਕ ਆਗੂਆਂ ਨੂੰ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਗਿਆ ਇੱਥੋਂ ਤੱਕ ਕਿ ਚੇਤਨਾ ਮਾਰਚ ਸ਼ੁਰੂ ਨਾ ਹੋਣ ਦੇਣ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਨੂੰ ਵੀ ਪੁਲਿਸ ਨੇ ਘੇਰੇ ਵਿਚ ਲੈ ਕੇ ਬੇ-ਅਦਬੀ ਕੀਤੀ।

47. 22 ਅਪ੍ਰੈਲ, 2008 ਪਿੰਡ ਜੰਗੀਆਣਾ ਵਿਖੇ ਡੇਰਾ ਪ੍ਰੇਮੀਆਂ ਵਲੋਂ ਸਿੱਖਾਂ ਉੱਤੇ ਫਾਇਰਿੰਗ ਕੀਤੀ।

48. 29 ਅਪ੍ਰੈਲ, 2008 ਨੂੰ ਪੰਜਾਬ ਦੀ ਬਾਦਲ ਸਰਕਾਰ ਦੇ ਸਰਕਾਰੀ ਐਲੀਮੈਂਟਰੀ ਸਕੂਲ, ਚੰਦਸਰ ਬਸਤੀ, ਬਠਿੰਡਾ ਵਿਚ ਸੌਦਾ ਪ੍ਰੇਮੀਆਂ ਵਲੋਂ ਸਰਸੇ ਵਿਚ ਆਪਣਾ ਸ਼ਰਬਤ ਪਿਆਉਣ ਦੀ ਸਲਾਨਾ ਯਾਦ ਮਨਾਈ ਗਈ।

49. 30 ਅਪ੍ਰੈਲ, 2008 ਨੂੰ ਪਿੰਡ ਕੁੱਲਰੀਆਂ ਵਿਖੇ ਸਿੱਖਾਂ ਤੇ ਸੌਦਾ ਪ੍ਰੇਮੀਆਂ ਵਿਚ ਟਕਰਾਅ ਹੋਇਆ।

50. 10 ਜੂਨ, 2008 ਨੂੰ ਪਿੰਡ ਦੁੱਲੇਵਾਲਾ, ਬਠਿੰਡਾ ਵਿਚ ਚੱਲ ਰਹੇ ਗੁਰਮਤਿ ਸਮਾਗਮ ਦੌਰਾਨ ਢਾਡੀ ਰਣਜੀਤ ਸਿੰਘ ਵਲੋਂ ਦੇਹਧਾਰੀਆਂ ਖਿਲਾਫ ਕੀਤੇ ਜਾ ਰਹੇ ਪ੍ਰਚਾਰ ਨੂੰ ਰੋਕਣ ਲਈ ਬਾਦਲ ਦਲ ਦੇ ਬਲਾਕ ਸੰਮਤੀ ਮੈਂਬਰ ਦਲਜੀਤ ਸਿੰਘ ਦੁੱਲੇਵਾਲ ਨੇ ਮਾਈਕ ਖੋਹਿਆ ਅਤੇ ਕਿਹਾ ਕਿ ਸਾਰੇ ਢਾਡੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਸੌਦਾ ਸਾਧ ਖਿਲਾਫ ਕੁਝ ਨਾ ਬੋਲਿਆ ਜਾਵੇ।

51. 20 ਜੂਨ, 2008 ਨੂੰ ਬੰਬੇ ਵਿਚ ਸੌਦਾ ਸਾਧ ਵਲੋਂ ਇਕ ਸਿੱਖ ਭਾਈ ਬਲਕਾਰ ਸਿੰਘ

ਸ਼ਹੀਦ ਕਰ ਦਿੱਤਾ ਗਿਆ ਜਿਸ ਉਪਰੰਤ ਸਾਰੇ ਪੰਥ ਵਿਚ ਰੋਸ ਦੀ ਲਹਿਰ ਫੈਲ ਗਈ ਪਰ ਅਕਾਲੀ-ਭਾਜਪਾ ਸਰਕਾਰ ਨੇ ਸੌਦਾ ਸਾਧ ਦੀ ਗ੍ਰਿਫਤਾਰੀ ਕਰਨ ਦੀ ਗੱਲ ਕਰਨ ਦੀ ਥਾਂ ਸਿੱਖਾਂ ਨੂੰ ਸ਼ਾਂਤ ਰਹਿਣ ਦੀਆਂ ਗੱਲਾਂ ਕੀਤੀਆਂ ਗਈਆਂ ਜਿਸ ਨੂੰ ਪੰਥ ਨੇ ਠੁਕਰਾ ਦਿੱਤਾ।

52. 18 ਜੁਲਾਈ, 2008 ਨੂੰ ਸੌਦਾ ਪ੍ਰੇਮੀਆਂ ਨੇ ਡੱਬਵਾਲੀ ਵਿਚ ਗੁੰਡਾਗਰਦੀ ਕਰਦਿਆਂ ਇਕ ਸਿੱਖ ਭਾਈ ਹਰਮੰਦਰ ਸਿੰਘ ਨੂੰ ਸ਼ਹੀਦ ਕਰ ਦਿੱਤਾ।

53. 19 ਜੁਲਾਈ, 2008 ਨੂੰ ਮਾਨਸਾ ਵਿਚ ਡੇਰਾ ਪ੍ਰੇਮੀਆਂ ਵਲੋਂ ਨਵਾਂ ਡੇਰਾ ਬਣਾਉਣ ਦਾ ਵਿਰੋਧ ਕਰ ਰਹੇ ਸਿੱਖਾਂ ਉੱਤੇ ਪੁਲਿਸ ਦੀ ਹਾਜ਼ਰੀ ਵਿਚ ਡੇਰਾ ਪ੍ਰੇਮੀਆਂ ਵਲੋਂ ਪੱਥਰਬਾਜੀ ਕੀਤੀ ਗਈ ਜਿਸ ਵਿਚ 5 ਸਿੱਖ ਗੰਭੀਰ ਰੂਪ ਵਿਚ ਜਖਮੀ ਹੋਏ।

54. 23 ਜੁਲਾਈ 2008 ਨੂੰ ਪੰਥ ਵਲੋਂ ਦਿੱਤੇ ਬੰਦ ਦੇ ਸੱਦੇ ਨੂੰ ਭਰਵਾਂ ਹੁੰਗਾਰਾ ਮਿਲਿਆ ਜਿਸ ਤੋਂ ਸਪੱਸ਼ਟ ਹੈ ਕਿ ਪੰਜਾਬ ਵਾਸੀ ਸੌਦਾ ਸਾਧ ਅਤੇ ਉਸਦੀਆਂ ਸਰਗਰਮੀਆਂ ਦੇ ਵਿਰੁੱਧ ਹਨ।

55. 24 ਜੁਲਾਈ, 2008 ਨੂੰ ਸੌਦਾ ਪ੍ਰੇਮੀਆਂ ਵਲੋਂ ਪਟਿਆਲਾ ਵਿਚ ਮੀਟਿੰਗ ਵਿਚ ਸਿੱਖਾਂ ਨਾਲ 'ਸਿੱਧੇ ਟੱਕਰਨ' ਦਾ ਐਲਾਨ ਤੇ ਭੜਕਾਊ ਤਕਰੀਰਾਂ ਕੀਤੀਆਂ ਪਰ ਬਾਦਲ ਸਰਕਾਰ ਵਲੋਂ ਉਹਨਾਂ ਉੱਤੇ ਕੋਈ ਕੇਸ ਦਰਜ ਨਹੀਂ ਕੀਤਾ ਗਿਆ।

56. 28 ਜੁਲਾਈ, 2008 ਨੂੰ ਇਹ ਗੱਲ ਸਾਹਮਣੇ ਆਈ ਕਿ ਬੰਬੇ ਵਿਚ ਗੋਲੀ ਚਲਾਉਣ ਵਾਲਾ ਗੰਨਮੈਨ ਪੰਜਾਬ ਪੁਲਿਸ ਦਾ ਕਰਮਚਾਰੀ ਸੀ ਜੋ ਕਿ ਅਣਅਧਿਕਾਰਤ ਤੌਰ ਤੇ ਸੌਦਾ ਸਾਧ ਨਾਲ ਉਸਦੀ ਸੁਰੱਖਿਆ ਵਿਚ ਲੱਗਿਆ ਹੋਇਆ ਸੀ।

57. 14 ਅਗਸਤ, 2008 ਨੂੰ ਬਰਨਾਲਾ ਜਿਲ੍ਹੇ ਦੇ ਪਿੰਡ ਦੀਵਾਨਾ ਵਿਚ ਕੀਤੀ ਜਾ ਰਹੀ ਕੂੜ-ਚਰਚਾ ਨੂੰ ਸ਼ਾਤਮਈ ਢੰਗ ਨਾਲ ਰੋਕਣ ਗਏ ਸਿੰਘਾਂ ਤੇ ਹਮਲਾ ਕੀਤਾ ਅਤੇ 6 ਸਿੱਖ ਗੰਭੀਰ ਰੂਪ ਵਿਚ ਜਖਮੀ ਹੋ ਗਏ।

58. 6 ਸਤੰਬਰ, 2008 ਨੂੰ ਜਥੇਦਾਰ ਅਕਾਲ ਤਖ਼ਤ ਸਾਹਿਬ ਵਲੋਂ ਗੁਰਦੁਆਰਾ ਪੰਜੂਆਣਾ ਸਹਿਬ, ਲੰਮਾ ਜੱਟਪੁਰਾ ਵਿਖੇ ਪੰਜਾਬ ਸਰਕਾਰ ਨੂੰ ਅਦੇਸ਼ ਦਿੱਤਾ ਗਿਆ ਸੀ ਕਿ ਉਹ ਸੌਦਾ ਸਾਧ ਨੂੰ ਤੁਰੰਤ ਗ੍ਰਿਫਤਾਰ ਕਰੇ ਅਤੇ ਕਿਹਾ ਕਿ ਜੇਕਰ ਸਾਧ ਨੂੰ ਸਮੇਂ ਸਿਰ ਫੜ ਕੇ ਜੇਲ੍ਹ ਵਿਚ ਡੱਕਿਆ ਹੁੰਦਾ ਤਾਂ ਸਾਧ ਤੇ ਉਸਦੇ ਚੇਲੇ, ਨਿਹੱਥੇ ਸਿੰਘਾਂ ਦਾ ਕਤਲ ਨਹੀਂ ਸਨ ਕਰ ਸਕਦੇ।

59. 15 ਸਤੰਬਰ, 2008 ਨੂੰ ਮਾਨਸਾ ਵਿਚ ਸੌਦਾ ਸਾਧ ਦੇ ਡੇਰੇ ਨੂੰ ਮੁੜ ਖੋਲਣ ਦੇ ਰੋਸ ਵਜੋਂ ਮਾਨਸਾ-ਸਿਰਸਾ ਰੋਡ ਤੇ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤਾ ਗਿਆ ਸੀ ਜਿਸਦੀ ਹਮਾਇਤ ਜਥੇਦਾਰ ਅਕਾਲ ਤਖ਼ਤ ਸਾਹਿਬ ਵਲੋਂ ਵੀ 19 ਸਤੰਬਰ ਨੂੰ ਤਲਵੰਡੀ ਸਾਬੋ ਵਿਖੇ ਕੀਤੀ ਸੀ।

60. 20 ਸਤੰਬਰ 2008 ਨੂੰ ਮਾਨਸਾ ਵਿਚਲੇ ਸੌਦਾ ਸਾਧ ਚੌਂਕ ਉੱਤੇ ਕੇਸਰੀ ਨਿਸ਼ਾਨ ਸਾਹਿਬ ਝੁਲਾ ਦਿੱਤਾ ਗਿਆ ਸੀ ਪਰ ਬਾਦਲ ਸਰਕਾਰ ਦੀ ਪੁਲਿਸ ਵਲੋਂ ਉਸਦੀ ਬੇਅਦਬੀ ਕੀਤੀ ਗਈ ਅਤੇ 200 ਸਿੱਖਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

61. 22 ਸਤੰਬਰ, 2008 ਨੂੰ ਮੁੱਖ ਮੰਤਰੀ ਬਾਦਲ ਦੇ ਕਹਿਣ ਉੱਤੇ ਸਰਕਾਰੀ ਨੁਮਾਇੰਦਿਆਂ ਡੀ.ਸੀ. ਮਾਨਸਾ, ਐੱਸ.ਐੱਸ.ਪੀ ਮਾਨਸਾ, ਸਾਬਕਾ ਐੱਮ.ਐੱਲ.ਏ ਤੇ ਮਾਨਸਾ ਹਲਕੇ ਦੇ ਇੰਚਾਰਜ ਸੁਖਵਿੰਦਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਮਾਨਸਾ ਮਨਜੀਤ ਸਿੰਘ ਬੱਪੀਆਣਾ ਵਲੋਂ ਮਾਨਸਾ ਡੇਰਾ ਖਾਲੀ ਕਰਵਾ ਕੇ ਪੰਜ ਸਿੰਘਾਂ ਨੂੰ ਦਿਖਾ ਕੇ ਅਰਦਾਸ ਕਰਕੇ ਸ਼ੁਰੂ ਕੀਤੇ ਮੋਰਚੇ ਨੂੰ ਫਤਿਹਯਾਬ ਕੀਤਾ ਗਿਆ ਪਰ ਗੁਰੂ ਸਾਹਮਣੇ ਕੀਤੇ ਵਾਅਦਿਆਂ ਨੂੰ ਤੋੜ ਕੇ ਮਾਨਸਾ ਵਿਚਲਾ ਉਕਤ ਡੇਰਾ ਮੁੜ ਖੋਲ ਦਿੱਤਾ ਗਿਆ ਅਤੇ ਇਸ ਮਗਰੋਂ ਹੌਲੀ-ਹੌਲੀ ਪਟਿਆਲਾ, ਭਵਾਨੀਗੜ੍ਹ, ਧੂਰੀ, ਮਾਨਸਾ, ਸਰਦੂਲਗੜ, ਮਲੋਟ ਅਤੇ ਫਰੀਦਕੋਟ ਅਦਿ ਡੇਰੇ ਖੋਲ੍ਹ ਦਿੱਤੇ ਗਏ ਅਤੇ ਪੰਜਾਬ ਵਿਚ ਸੌਦਾ ਸਾਧ ਦੇ ਕੇਂਦਰੀ ਡੇਰੇ ਸਲਾਬਤਪੁਰ ਨੂੰ ਖੋਲਣ ਦੀਆਂ ਤਿਆਰੀਆਂ ਵੀ ਚੱਲ ਰਹੀਆਂ ਹਨ। ਜਿਸ ਤਹਿਤ ਹਰ ਐਤਵਾਰ ਉੱਥੇ ਤਿੰਨ ਚਾਰ ਹਜ਼ਾਰ ਸੌਦਾ ਪ੍ਰੇਮੀਆਂ ਦਾ ਇਕੱਠ ਵੀ ਹੁੰਦਾ ਹੈ।

62. 25 ਸਤੰਬਰ, 2008 ਨੂੰ ਮਾਨਸਾ ਡੇਰੇ ਦੀ ਬੰਦੀ ਲਈ ਫਤਿਹ ਦਿਹਾੜਾ ਮਨਾਇਆ ਗਿਆ। ਇਸ ਦੌਰਾਨ ਹੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪੰਥਕ ਜਥੇਬੰਦੀਆਂ ਨੂੰ ਅਪੀਲ ਕੀਤੀ ਗਈ ਕਿ 5 ਨਵੰਬਰ, 2008 ਗੁਰੂ ਗ੍ਰੰਥ ਸਾਹਿਬ ਜੀ ਦੇ 300 ਸਾਲਾ ਗੁਰਗੱਦੀ ਦਿਹਾੜੇ ਤੱਕ ਸੌਦਾ ਸਾਧ ਵਿਰੁੱਧ ਕੋਈ ਪ੍ਰੋਗਰਾਮ ਨਾ ਉਲੀਕਿਆ ਜਾਵੇ।

63. 10 ਅਕਤੂਬਰ, 2008 ਨੂੰ ਸੌਦਾ ਸਾਧ ਮੁਹਿੰਮ ਵਿਚ ਵੱਧ-ਚੜ੍ਹ ਕੇ ਯੋਗਦਾਨ ਪਾ ਰਹੇ ਭਾਈ ਬਗੀਚਾ ਸਿੰਘ ਤੇ ਉਸਦੇ ਸਾਥੀਆਂ ਉੱਤੇ ਪੰਜਾਬ ਦੀ ਬਾਦਲ ਸਰਕਾਰ ਵਲੋਂ ਸੌਦਾ ਸਾਧ ਨੂੰ ਮਾਰਨ ਦੀ ਸਾਜ਼ਿਸ ਰਚਣ ਦਾ ਝੂਠਾ ਕੇਸ ਪਾ ਦਿੱਤਾ ਗਿਆ।

64. 23 ਅਕਤੂਬਰ, 2008 ਦੀ ਇਕ ਖਬਰ ਮੁਤਾਬਕ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਪਾਈ ਇਕ ਰਿੱਟ ਦਰਸਾਉਂਦੀ ਹੈ ਕਿ ਸੌਦਾ ਸਾਧ ਕਾਰਨ ਸੈਂਕੜੇ ਵਿਅਕਤੀਆਂ ਵਿਰੁੱਧ ਕੇਸ ਦਰਜ ਹੋ ਚੁੱਕੇ ਹਨ ਅਤੇ ਸਥਿਤੀ ਹਾਲੇ ਵੀ ਸੁਖਾਵੀਂ ਨਹੀਂ ਹੋਈ।

65. 27 ਨਵੰਬਰ, 2008 ਨੂੰ ਪਿੰਡ ਸੰਗਤਪੁਰਾ ਵਿਚ ਪੁਲਿਸ ਸੁਰੱਖਿਆ ਦੇ ਕੇ ਕੂੜ ਚਰਚਾ ਕੀਤੀ ਗਈ।

66. 27 ਨਵੰਬਰ, 2008 ਨੂੰ ਭਾਜਪਾ ਦਾ ਰਾਜਸਥਾਨ ਵਿਚਲਾ ਉਮੀਦਵਾਰ ਗੁਰਜੰਟ ਸਿੰਘ ਬਰਾੜ ਸੌਦਾ ਸਾਧ ਦੇ ਡੇਰੇ ਗਿਆ ਅਤੇ ਪੰਜਾਬ ਦੇ ਮੁਖ ਮੰਤਰੀ ਬਾਦਲ ਨੇ ਇਸ ਉਮੀਦਵਾਰ ਦੀ ਹਮਾਇਤ ਵਿਚ ਰਾਜਸਥਾਨ ਵਿਚ ਜਾ ਕੇ ਚੋਣ ਪ੍ਰਚਾਰ ਕੀਤਾ।

67. 3 ਦਸੰਬਰ, 2008 ਨੂੰ ਸੌਦਾ ਸਾਧ ਦੀ ਚੰਡੀਗੜ੍ਹ ਪੰਜਾਬ ਪੁਲਸ ਲਾਈਨ ਵਿਚ ਪੇਸ਼ੀ ਦੌਰਾਨ ਉਸ ਨੂੰ ਵੀ.ਆਈ.ਪੀ ਸਹੂਲਤ ਦਿੱਤੀ ਗਈ ਅਤੇ ਉਸਨੇ ਪੁਲਿਸ ਸੁਰੱਖਿਆ ਅਧੀਨ ਆਪਣੀ ਸਟੇਜ ਵੀ ਲਗਾਈ।

68. 5 ਦਸੰਬਰ, 2008 ਨੂੰ ਪਿੰਡ ਰੂੜੇਕੇ ਕਲਾਂ ਵਿਚ ਪੁਲਿਸ ਸੁਰੱਖਿਆ ਵਿਚ ਕੂੜ ਚਰਚਾ ਕੀਤੀ ਗਈ।

69. 21 ਦਸੰਬਰ 2008 ਨੂੰ ਪੰਥਕ ਜਥੇਬੰਦੀਆਂ ਵਲੋਂ ਗੁਰਦੁਆਰਾ ਜਫਰਨਾਮਾਹ, ਦਿਆਲਪੁਰਾ ਭਾਈ ਕਾ ਵਿਖੇ ਰੱਖੀ ਗਈ ਪੰਥਕ ਸਭਾ ਪੰਜਾਬ ਦੀ ਬਾਦਲ ਸਰਕਾਰ ਨੇ ਪੁਲਿਸ ਜਬਰ ਨਾਲ ਨਾ ਹੋਣ ਦਿੱਤੀ ਅਤੇ ਗ੍ਰਿਫਤਾਰ ਕੀਤੇ ਸੈਂਕੜੇ ਆਗੂਆਂ ਨੂੰ 10-10 ਦਿਨ ਜੇਲ੍ਹਾਂ ਵਿਚ ਡੱਕੀ ਰੱਖਿਆ ਅਤੇ ਬਾਬਾ ਹਰਦੀਪ ਸਿੰਘ ਮਹਿਰਾਜ ਵਾਲਿਆਂ ਉੱਪਰ ਪਾਏ 107/151 ਦੇ ਕੇਸ ਅਜੇ ਤੱਕ ਵੀ ਚਲਾਏ ਜਾ ਰਹੇ ਹਨ।

70. 24 ਦਸੰਬਰ, 2008 ਨੂੰ ਇਹ ਗੱਲ ਅਖਬਾਰਾਂ ਵਿਚ ਆਈ ਕਿ ਬਾਦਲ ਦਲ ਦੇ ਅਮਰਜੀਤ ਸਿੰਘ ਸਤਿਆਲ ਜੋ ਨਗਰ ਕੌਂਸਲ ਰੋਪੜ ਅਤੇ ਗੁਰਦੁਆਰਾ ਸਿੰਘ ਸਭਾ ਰੋਪੜ ਦਾ ਪ੍ਰਧਾਨ ਹੈ ਅਤੇ ਜਿਸਦੇ ਸਿਰ ਉੱਤੇ ਬਾਦਲ ਦਲ ਦੇ ਸਰਪ੍ਰਸਤ ਬਾਬਾ ਅਜੀਤ ਸਿੰਘ ਦਾ ਹੱਥ ਹੈ, ਨੇ ਸੌਦਾ ਸਾਧ ਦੇ ਚੇਲੇ ਦੇ ਘਰ ਪਾਠ ਕਰਵਾ ਕੇ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮੇ ਨੂੰ ਚੁਣੌਤੀ ਦਿੱਤੀ ਹੈ ਪਰ ਉਸ ਖਿਲਾਫ ਕੋਈ ਵੀ ਕਾਰਵਾਈ ਨਹੀਂ ਹੋਈ।

71. 14 ਜਨਵਰੀ, 2009 ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ ਨੇ ਬਾਦਲ ਦਲ ਦੇ ਜਨਰਲ ਸਕੱਤਰ ਤੇ ਪਟਿਆਲਾ ਤੋਂ ਲੋਕ ਸਭਾ ਉਮੀਦਵਾਰ ਪ੍ਰੇਮ ਸਿੰਘ ਚੰਦੂਮਾਜਰਾ ਦੇ ਉਸ ਬਿਆਨ ਦਾ ਗੰਭੀਰ ਨੋਟਿਸ ਲਿਆ ਜਿਸ ਵਿਚ ਉਸਨੇ ਵੋਟਾਂ ਦੌਰਾਨ ਸੌਦਾ ਸਮਰਥਕਾਂ ਕੋਲੋਂ ਵੀ ਵੋਟਾਂ ਮੰਗਣ ਦੀ ਗੱਲ ਕੀਤੀ ਅਤੇ ਮੀਰੀ-ਪੀਰੀ ਦੇ ਸਿਧਾਂਤ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਧਰਮ ਦਾ ਰਾਜਨੀਤੀ ਵਿਚ ਕੋਈ ਦਖਲ ਨਹੀਂ ਹੁੰਦਾ।

72. 4 ਫਰਵਰੀ, 2009 ਨੂੰ ਰਾਮਪੁਰਾ ਫੂਲ ਦੇ ਨਜ਼ਦੀਕ ਪਿੰਡ ਧਿੰਗੜ ਵਿਚ ਹੋ ਰਹੀ ਕੂੜ ਚਰਚਾ ਨੂੰ ਰੋਕਣ ਗਈਆਂ ਸਿੱਖ ਸੰਗਤਾਂ ਉੱਤੇ ਸੌਦਾ ਪ੍ਰੇਮੀਆਂ ਵਲੋਂ ਪੁਲਸ ਦੀ ਹਾਜ਼ਰੀ ਵਿਚ ਪੱਥਰਬਾਜੀ ਕੀਤੀ ਗਈ ਅਤੇ ਬਾਦਲ ਸਰਕਾਰ ਦੀ ਪੁਲਿਸ ਨੇ ਉਹਨਾਂ ਖਿਲਾਫ ਕੋਈ ਐਕਸ਼ਨ ਨਹੀਂ ਲਿਆ।

73. 6 ਫਰਵਰੀ, 2009 ਨੂੰ ਮਾਨਸਾ ਜਿਲ੍ਹਾ ਦੇ ਪਿੰਡ ਅਤਲਾ ਖੁਰਦ ਵਿਚ ਸੌਦਾ ਪ੍ਰੇਮੀਆਂ ਵਲੋਂ ਕੂੜ-ਚਰਚਾ ਕੀਤੀ ਗਈ ਜਿਸ ਵਿਚ ਸ਼੍ਰੋਮਣੀ ਕਮੇਟੀ ਪ੍ਰਬੰਧ ਅਧੀਨ ਗੁਰਦੁਆਰਾ ਪਾਤਸ਼ਾਹੀ ਨੌਵੀਂ, ਖੀਵਾ ਕਲਾਂ ਦਾ ਮੈਨੇਜਰ ਹਿੰਮਤ ਸਿੰਘ ਵੀ ਸ਼ਾਮਲ ਹੋਇਆ।

74. 7 ਫਰਵਰੀ 2009 ਨੂੰ ਬਾਬਾ ਬਕਾਲਾ ਅਧੀਨ ਪੈਂਦੇ ਪਿੰਡ ਗੱਗੜਭਾਣਾ ਵਿਚ ਕੂੜ-ਚਰਚਾ ਬਾਦਲ ਸਰਕਾਰ ਦੀ ਪੁਲਿਸ ਦੇ ਪਹਿਰੇ ਹੇਠ ਹੋਈ ਜਿਸਦੀ ਨਿੰਦਾ ਦਮਦਮੀ ਟਕਸਾਲ ਤੇ ਹੋਰ ਪੰਥਕ ਜਥੇਬੰਦੀਆਂ ਨੇ ਕੀਤੀ।

75. 10 ਫਰਵਰੀ, 2009 ਨੂੰ ਜਿਲ੍ਹਾ ਬਰਨਾਲਾ ਵਿਚ ਪੈਂਦੇ ਪਿੰਡ ਕੈਰੇ ਵਿਚ ਪੰਜਾਬ ਦੀ ਬਾਦਲ ਸਰਕਾਰ ਦੀ ਪੁਲਿਸ ਨੇ ਗੁਰਦੁਆਰਾ ਸਾਹਿਬ ਨੂੰ ਤਾਲਾ ਲਾ ਦਿੱਤਾ ਕਿਉਂਕਿ ਉੱਥੇ ਸਬਦ ਗੁਰੂ ਦਾ ਪ੍ਰਚਾਰ ਅਤੇ ਦੇਹਧਾਰੀ ਗੁਰੂ ਡੰਮ ਦੀ ਖਿਲਾਫਤ ਹੁੰਦੀ ਸੀ।

76. 20 ਫਰਵਰੀ, 2009 ਨੂੰ ਬਰਨਾਲਾ ਸ਼ਹਿਰ ਵਿਚ ਹੋ ਰਹੀ ਕੂੜ ਚਰਚਾ ਰੋਕਣ ਲਈ ਗਏ ਸਿੰਘਾਂ ਨੂੰ ਬਾਦਲ ਸਰਕਾਰ ਦੀ ਪੁਲਿਸ ਨੇ ਜ਼ਲੀਲ ਕੀਤਾ ਅਤੇ ਉਹਨਾਂ ਨੂੰ ਮਲੰਗ ਕਹਿ ਕੇ ਬੇਇੱਜ਼ਤ ਕੀਤਾ।

77. 27 ਫਰਵਰੀ, 2009 ਨੂੰ ਤਲਵੰਡੀ ਸਾਬੋ ਨੇੜੇ ਪਿੰਡ ਸੰਗਤ ਖੁਰਦ ਵਿਚ

ਬਾਦਲਕਿਆਂ ਦੇ ਸੌਦਾ ਪ੍ਰੇਮੀ ਸਰਪੰਚ ਨੇ ਆਪਣੇ ਸਾਥੀਆਂ ਸਮੇਤ ਗੁਰੂ-ਘਰ ਵਿਚ ਖੌਰੂ ਪਾਇਆ ਅਤੇ ਗੁਰੂ ਘਰ ਦੇ ਗ੍ਰੰਥੀ ਤੇ ਇਕ ਸਿੱਖ ਨੌਜਵਾਨ ਨੂੰ ਵੀ ਕੁੱਟਿਆ।

78. 1 ਮਾਰਚ, 2009 ਨੂੰ ਚਾਂਦਪੁਰਾ ਸਿੱਖ ਸਮਾਗਮ ਵਿਚ ਸ਼ਾਮਲ ਹੋਣ ਜਾ ਰਹੇ ਬਾਬਾ ਬਲਜੀਤ ਸਿੰਘ ਦਾਦੂ ਸਾਹਿਬ ਵਾਲੇ ਸੈਂਕੜੇ ਸਾਥੀਆ ਸਮੇਤ ਗ੍ਰਿਫ਼ਤਾਰ ਕਰ ਲਏ ਗਏ।

79. 2 ਮਾਰਚ, 2009 ਨੂੰ ਪਾਤੜਾਂ ਨੇੜੇ ਪਿੰਡ ਕੌਹਰੀਆਂ ਵਿਚ ਸੌਦਾ ਪ੍ਰੇਮੀਆਂ ਨੇ ਪੰਜਾਬ ਦੀ ਬਾਦਲ ਸਰਕਾਰ ਦੀ ਪੁਲਿਸ ਸੁਰੱਖਿਆ ਵਿਚ ਸਮਾਗਮ ਕਰਕੇ ਸ਼ਰੇਆਮ ਐਲਾਨ ਕੀਤਾ ਕਿ ਜਾਮ-ਏ-ਇੰਸਾਂ ਦੀ ਕਾਰਵਾਈ ਜਰੂਰੀ ਸੀ ਤੇ ਅਜਿਹਾ ਫਿਰ ਹੋਵੇਗਾ ਅਤੇ ਉਹਨਾਂ ਨੇ ਸੌਦਾ ਸਾਧ ਦੀ ਬਰਾਬਰੀ ਗੁਰੂ ਨਾਨਕ ਸਾਹਿਬ ਤੇ ਗੁਰੂ ਅਰਜਨ ਸਾਹਿਬ ਨਾਲ ਕੀਤੀ ਪਰ ਬਾਦਲ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ।

80. 3 ਮਾਰਚ, 2009 ਨੂੰ ਪਿੰਡ ਬੁਗਰਾ ਨੇੜੇ ਧੂਰੀ ਵਿਚ ਕੂੜ ਚਰਚਾ ਰੋਕਣ ਗਈ ਸਿੱਖ ਸੰਗਤ ਨੂੰ ਬਾਦਲ ਸਰਕਾਰ ਦੀ ਪੁਲਿਸ ਵਲੋਂ ਪਹਿਲਾਂ ਕਿਹਾ ਗਿਆ ਕਿ ਅਸੀਂ ਚਰਚਾ ਰੋਕ ਦਿਆਂਗੇ ਤੁਸੀਂ ਆਪਣੇ ਸ਼ਸ਼ਤਰ ਸਾਡੇ ਕੋਲ ਜਮ੍ਹਾਂ ਕਰਵਾ ਦਿਓ ਜੋ ਸਿੰਘਾਂ ਨੇ ਮੰਨ ਲਿਆ ਪਰ ਬਾਅਦ ਵਿਚ ਪੁਲਿਸ ਨੇ ਉਹਨਾਂ ਉੱਤੇ ਲਾਠੀਚਾਰਜ਼ ਕਰ ਦਿੱਤਾ ਅਤੇ ਮੁਖੀ ਸਿੱਖਾਂ ਨੂੰ ਕਮਰੇ ਵਿਚ ਬੰਦ ਕਰਕੇ ਤਸ਼ੱਦਦ ਕੀਤਾ ਤੇ ਦੋ ਸਿੱਖਾਂ ਦੀਆਂ ਬਾਹਵਾਂ ਵੀ ਤੋੜ ਦਿੱਤੀਆਂ।

81. 4 ਮਾਰਚ, 2009 ਨੂੰ ਬਲਾਕ ਡੇਹਲੋਂ ਵਿਚ ਪੈਂਦੇ ਪਿੰਡ ਜਗੇੜਾ 'ਚ ਪੁਲਿਸ ਦੇ ਸਖਤ ਪ੍ਰਬੰਧਾਂ ਹੇਠ ਕੂੜ ਚਰਚਾ ਕੀਤੀ ਗਈ

82. 5 ਮਾਰਚ, 2009 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਸਿੰਘ ਸਾਹਿਬਾਨ ਵਲੋਂ ਸੌਦਾ ਸਾਧ ਸਬੰਧੀ ਇਕ ਹੰਗਾਮੀ ਮੀਟਿੰਗ ਸੱਦੀ ਗਈ ਪਰ ਉਸ ਵਿਚ ਕੋਈ ਠੋਸ ਫੈਸਲਾ ਨਹੀਂ ਲਿਆ ਗਿਆ ਜਿਸ ਕਾਰਨ ਪੰਥਕ ਜਥੇਬੰਦੀਆਂ ਵਲੋਂ 8 ਮਾਰਚ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਮੀਟਿੰਗ ਸੱਦੀ ਗਈ। ਇਸੇ ਦਿਨ ਸੌਦਾ ਸਾਧ ਨੂੰ ਪੱਕੀ ਜਮਾਨਤ ਮਿਲੀ ਪੰਜਾਬ ਸਰਕਾਰ ਨੇ ਕਿਹਾ, 'ਹੋਰ ਪੁਛਗਿਛ ਦੀ ਲੋੜ ਨਹੀ।' ਇਸੇ ਹੀ ਦਿਨ ਪੰਜ ਸਿੰਘ ਸਹਿਬਾਨ ਨੇ ਕਿਹਾ ਕਿ ਸੌਦਾ ਸਾਧ ਦੇ ਡੇਰੇ ਅਤੇ ਸਰਗਰਮੀਆਂ ਬੰਦ ਕਰਾਉਣ ਬਾਰੇ ਅਕਾਲ ਤਖ਼ਤ ਵਲੋਂ ਜਾਰੀ ਹੁਕਮਨਾਮਾ ਸਿੱਖ ਸੰਗਤਾਂ ਆਪ ਹੀ ਸਖਤੀ ਨਾਲ ਲਾਗੂ ਕਰਨ।

83. 8 ਮਾਰਚ, 2009 ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਪੰਥਕ ਜਥੇਬੰਦੀਆਂ ਦੀ ਮੀਟਿੰਗ ਹੋਈ ਜਿਸ ਵਿਚ 22 ਮਾਰਚ ਤੋਂ ਸਲਾਬਤਪੁਰੇ ਡੇਰੇ ਦੀ ਤਾਲਾਬੰਦੀ ਲਈ ਸ਼ਹੀਦੀ ਜੱਥੇ ਤੋਰਨ ਦਾ ਐਲਾਨ ਕੀਤਾ ਗਿਆ।

84. 15 ਮਾਰਚ, 2009 ਨੂੰ ਪਿੰਡ ਚੂਲੜਖੁਰਦ (ਲਹਿਰਾਗਾਗਾ) ਵਿਖੇ ਪੁਲਿਸ ਪਹਿਰੇ ਹੇਠ ਹੋ ਰਹੀ ਕੂੜ ਚਰਚਾ ਵਿਰੁਧ ਰੋਸ ਪ੍ਰਗਟ ਕਰ ਰਹੇ ਸਿੱਖਾਂ ਉਪਰ ਪ੍ਰੇਮੀਆਂ ਅਤੇ ਪੁਲਿਸ ਵਲੋਂ ਹਮਲਾ ਕੀਤਾ ਗਿਆ ਜਿਸ ਵਿਚ ਅਨੇਕਾਂ ਸਿੱਖਾਂ ਨੂੰ ਗ੍ਰਿਫਤਾਰ ਕੀਤਾ ਗਿਆ ਜੋ ਅੱਜ ਤੱਕ ਸੰਗਰੂਰ ਜੇਲ੍ਹ ਵਿਚ ਬੰਦ ਹਨ, 2 ਸਿੱਖਾਂ ਉੱਤੇ ਇਰਾਦਾ ਕਤਲ ਦਾ ਝੂਠਾ ਕੇਸ ਵੀ ਦਰਜ਼ ਕਰ ਦਿੱਤਾ ਗਿਆ। ਇਸੇ ਦਿਨ ਹੀ ਗਿੱਦੜਬਾਹੇ ਵਿਚ ਪਿਛਲੇ ਲੰਮੇ ਸਮੇਂ ਤੋਂ ਬੰਦ ਪਏ ਡੇਰੇ ਵਿਚ ਕੂੜ ਚਰਚਾ ਪੰਜਾਬ ਪੁਲਿਸ ਦੇ ਪਹਿਰੇ ਹੇਠਾਂ ਕਰਵਾਈ ਗਈ ਜਿਸ ਲਈ ਸਿੱਖਾਂ ਵਲੋਂ ਰੋਸ ਦਾ ਪ੍ਰਗਟਾਵਾ ਕੀਤਾ ਗਿਆ।

85. 16 ਮਾਰਚ, 2009 ਨੂੰ ਬਾਜਾਖਾਨਾ ਵਿਖੇ ਬਾਬਾ ਬਲਜੀਤ ਸਿੰਘ ਦਾਦੂ ਸਾਹਿਬ ਵਾਲਿਆਂ ਦੇ ਧਾਰਮਿਕ ਦੀਵਾਨ ਦੇ ਭਾਰੀ ਇੱਕਠ ਤੇ ਸੰਗਤਾਂ ਦੇ ਉਤਸ਼ਾਹ ਤੋਂ ਘਬਰਾ ਕੇ ਪੁਲਿਸ ਵਲੋਂ 22 ਮਾਰਚ ਦੇ ਪ੍ਰੋਗਰਾਮ ਨੂੰ ਖਰਾਬ ਕਰਨ ਲਈ ਸਿੱਖ ਸੰਗਤਾਂ ਉਪਰ ਭਾਰੀ ਲਾਠੀਚਾਰਜ ਕੀਤਾ ਗਿਆ ਅਤੇ ਗੋਲੀਆਂ ਵੀ ਚਲਾਈਆਂ ਗਈਆਂ ਜਿਸ ਵਿੱਚ ਬਾਬਾ ਬਲਜੀਤ ਸਿੰਘ ਦਾਦੂ ਸਾਹਿਬ ਸਮੇਤ ਦਰਜਨਾਂ ਸਿੰਘ ਜਖਮੀ ਹੋ ਗਏ ਅਤੇ ਉਹਨਾਂ ਦੀ ਗੱਡੀਆਂ ਦੀ ਭੰਨ ਤੋੜ ਕੀਤੀ ਗਈ। ਗੱਡੀਆਂ ਵਿਚ ਪਏ ਗੁਰਬਾਣੀ ਦੇ ਗੁਟਕੇ ਅਤੇ ਪੋਥੀਆਂ ਦੀ ਬੇ-ਅਦਬੀ ਵੀ ਹੋਈ ਅਤੇ ਪੋਥੀਆਂ ਵਿਚ ਗੋਲੀਆਂ ਵੀ ਲੱਗੀਆਂ।

86. 17 ਮਾਰਚ, 2009 ਨੂੰ ਕੋਟਸ਼ਮੀਰ (ਬਠਿੰਡਾ) ਵਿਖੇ ਸ਼ਾਤਮਈ ਰੋਸ ਦਾ ਪ੍ਰਗਟਾਵਾ ਕਰ ਰਹੀਆਂ ਸਿੱਖ ਸੰਗਤਾਂ ਉਪਰ ਚਾਰ ਜਿਲ੍ਹਿਆਂ ਦੀ ਪੁਲਿਸ ਵਲੋਂ ਲਾਠੀਚਾਰਜ਼ ਕਰਕੇ ਸੈਂਕੜੇ ਸਿੰਘਾਂ ਨੂੰ ਗ੍ਰਿਫ਼ਤਾਰ ਕਰਕੇ ਬਠਿੰਡਾ ਤੇ ਫਿਰੋਜ਼ਪੁਰ ਜੇਲ੍ਹ ਵਿਚ ਬੰਦ ਕਰ ਦਿਤਾ।ਬਾਬਾ ਬਲਜੀਤ ਸਿੰਘ ਦਾਦੂ ਸਾਹਿਬ, ਅਕਾਲੀ ਦਲ ਪੰਚ ਪ੍ਰਧਾਨੀ ਦੇ ਸਕੱਤਰ ਜਨਰਲ ਭਾਈ ਹਰਪਾਲ ਸਿੰਘ ਚੀਮਾ, ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਹਰਿਆਣਾ ਦੇ ਪ੍ਰਧਾਨ ਭਾਈ ਸੁਖਵਿੰਦਰ ਸਿੰਘ ਖ਼ਾਲਸਾ, ਬਾਬਾ ਅਵਤਾਰ ਸਿੰਘ ਸਾਧਾਂਵਾਲੀ, ਬਾਬਾ ਦਰਸ਼ਨ ਸਿੰਘ ਦਾਦੂ ਸਾਹਿਬ ਅਤੇ 4 ਹੋਰ ਸਿੰਘਾਂ ਉੱਤੇ ਝੂਠੇ ਇਰਾਦਾ ਕਤਲ ਤੇ ਦੇਸ਼ ਧ੍ਰੋਹ ਦੇ ਕੇਸ ਦਰਜ ਕਰ ਦਿੱਤੇ ਗਏ।

87. 18 ਮਾਰਚ, 2009 ਸ਼ਹੀਦੀ ਜੱਥਿਆਂ ਦੇ ਮੱਦੇਨਜ਼ਰ ਪੰਜਾਬ ਸਰਕਾਰ ਵਲੋਂ ਪੰਜਾਬ ਭਰ ਵਿਚ ਪੁਲਸ ਛਾਪੇਮਾਰੀ ਕੀਤੀ ਗਈ ਅਤੇ ਸੈਂਕੜੇ ਸਿੱਖਾਂ ਨੂੰ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਗਿਆ ਅਤੇ ਭਾਈ ਦਲਜੀਤ ਸਿੰਘ ਬਿੱਟੂ ਸਣੇ ਕਈ ਆਗੂ ਰੂਪੋਸ਼ ਹੋ ਗਏ ਜਿਹਨਾਂ ਨੇ ਬਾਦ ਵਿਚ ਸ਼ਹੀਦੀ ਜੱਥਾ ਤੋਰਨ ਵਿਚ ਅਹਿਮ ਰੋਲ ਨਿਭਾਇਆ।

88. 21 ਮਾਰਚ, 2009 ਨੂੰ ਫਿਰੋਜ਼ਪੁਰ ਦੇ ਪਿੰਡ ਮਨਸੂਰਦੇਵਾ ਦਾ ਸਿੱਖ ਭਾਈ ਗੁਰਦੀਪ ਸਿੰਘ 8 ਜੂਨ, 2007 ਨੂੰ ਸੌਦਾ ਸਾਧ ਵਿਰੁੱਧ ਸੰਘਰਸ਼ ਵਿਚ ਪੁਲਿਸ ਵਲੋਂ ਚਲਾਈ ਗੋਲੀ ਨਾਲ ਹੋਈ ਇੰਨਫੈਕਸ਼ਨ ਨਾਲ ਅਕਾਲ ਚਲਾਣਾ ਕਰ ਗਿਆ।

89. 22 ਮਾਰਚ, 2009 ਨੂੰ ਮੁਖ ਮੰਤਰੀ ਬਾਦਲ ਨੇ ਕਿਹਾ ਕਿ ਸਾਡਾ ਸੌਦਾ ਸਾਧ ਨਾਲ ਕੋਈ ਵਿਵਾਦ ਨਹੀਂ ਹੈ। ਇਸੇ ਦਿਨ ਹੀ ਸੁਖਬੀਰ ਬਾਦਲ ਨੇ ਬਠਿੰਡਾ ਵਿਚ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਅਕਾਲੀ ਉਮੀਦਵਾਰ ਵੋਟਾਂ ਲਈ ਸੌਦਾ ਪ੍ਰੇਮੀਆਂ ਕੋਲ ਜਰੂਰ ਜਾਣਗੇ।

90. 22 ਮਾਰਚ, 2009 ਨੂੰ 8 ਮਾਰਚ ਨੂੰ ਲਏ ਗਏ ਫੈਸਲੇ ਮੁਤਾਬਕ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਡੇਰੇ ਸਲਾਬਤਪੁਰ ਦੀ ਤਾਲਾਬੰਦੀ ਲਈ ਸ਼ਹੀਦੀ ਜੱਥਾ ਤੋਰਿਆ ਗਿਆ। ਭਾਵੇਂ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਬਾਦਲ ਸਰਕਾਰ ਦੀ ਅਧੀਨਗੀ ਕਬੂਲਦਿਆਂ ਸ਼ਹੀਦੀ ਜੱਥਿਆਂ ਨੂੰ ਨਾ ਤੋਰਨ ਦਾ ਅਦੇਸ਼ ਜਾਰੀ ਕੀਤਾ ਸੀ ਅਤੇ ਦਮਦਮਾ ਸਾਹਿਬ ਵਿਖੇ ਬਾਦਲਕਿਆਂ ਵਲੋਂ ਸ਼ਹੀਦੀ ਜੱਥਿਆਂ ਨੂੰ ਰੋਕਣ ਦੀ ਕੋਸ਼ਿਸ਼ ਵੀ ਕੀਤੀ ਪਰ ਸੰਗਤ ਵਲੋਂ ਸਾਜੇ ਗਏ ਪੰਜਾਂ ਪਿਆਰਿਆਂ ਵਲੋਂ 17 ਮਈ 2007 ਦੇ ਹੁਕਮਨਾਮੇ ਦੀ ਰੋਸ਼ਨੀ ਵਿਚ ਜਿੱਥੇ ਜਥੇਦਾਰ ਅਕਾਲ ਤਖ਼ਤ ਦੀ ਅਪੀਲ ਠੁਕਰਾ ਦਿੱਤੀ ਉੱਥੇ ਬਾਦਲਕਿਆਂ ਨੂੰ ਵੀ ਸੰਗਤਾਂ ਨੇ ਖਦੇੜ ਦਿੱਤਾ ਅਤੇ ਸ਼ਹੀਦੀ ਜੱਥਾ ਪੂਰੇ ਜਾਹੋ-ਜਲਾਲ ਨਾਲ ਰਵਾਨਾ ਹੋਇਆ, ਜਿਸ ਨਾਲ ਦੁਨੀਆ ਭਰ ਵਿਚ ਵਸਦੀਆਂ ਸਿੱਖ ਸੰਗਤਾਂ ਦੇ ਹੌਂਸਲੇ ਬੁਲੰਦ ਹੋਏ ਅਤੇ ਮਨੋਬਲ ਉੱਚਾ ਹੋਇਆ।

91. 24 ਮਾਰਚ, 2009 ਨੂੰ ਪੰਥਕ ਜਥੇਬੰਦੀਆਂ ਦੀ ਮੀਟਿੰਗ ਗੁਰਦੁਆਰਾ ਹਾਜ਼ੀ ਰਤਨ ਸਾਹਿਬ ਬਠਿੰਡਾ ਵਿਖੇ ਹੋਈ ਜਿਸ ਵਿਚ ਤਖ਼ਤ ਦਮਦਮਾ ਸਹਿਬ ਤੋਂ ਭੇਜੇ ਜਾ ਰਹੇ ਸ਼ਹੀਦੀ ਜੱਥਿਆਂ ਦੀ ਹਮਾਇਤ ਕੀਤੀ ਗਈ ਅਤੇ ਹਰੇਕ ਐਤਵਾਰ ਨੂੰ ਤਖ਼ਤ ਸ੍ਰੀ ਦਮਦਮਾ ਸਹਿਬ ਤੋਂ ਚੱਲਣ ਵਾਲੇ ਸ਼ਹੀਦੀ ਜੱਥੇ ਨੂੰ ਤੋਰਨ ਲਈ ਸੰਗਤਾਂ ਨੂੰ ਵੱਧ-ਚੜ੍ਹ ਕੇ ਪੁੱਜਣ ਦੀ ਅਪੀਲ ਕੀਤੀ ਗਈ।

ਖ਼ਾਲਸਾ ਜੀ! 13 ਮਈ, 2007 ਤੋਂ 24 ਮਾਰਚ, 2009 ਤੱਕ ਪੰਜਾਬ ਦੀ ਬਾਦਲ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਨੂੰ ਲਾਗੂ ਕਰਾਉਣ ਦੇ ਰਾਹ ਵਿਚ ਅੜਿੱਕੇ ਡਾਹੁਣ ਤੇ ਪਵਿੱਤਰ ਹੁਕਮਨਾਮੇ ਨੂੰ ਜਾਨਾਂ ਤਲੀ 'ਤੇ ਧਰ ਕੇ ਲਾਗੂ ਕਰਨ ਵਾਲਿਆਂ ਦੀ ਗਾਥਾ ਦਾ ਇਕ ਛੋਟਾ ਜਿਹਾ ਦ੍ਰਿਸ਼।

ਸੋ ਅਕਾਲ ਤਖ਼ਤ ਸਾਹਿਬ ਜੀ ਦੇ ਹੁਕਮਨਾਮੇ ਨੂੰ ਲਾਗੂ ਕਰਾਉਣ ਲਈ ਪੰਥਕ ਜਥੇਬੰਦੀਆਂ ਆਪਣਾ ਪੂਰਾ ਤਾਣ ਲਗਾ ਰਹੀਆਂ ਹਨ ਪਰ ਆਪਣੇ ਆਪ ਨੂੰ ਪੰਥ ਦੇ ਠੇਕੇਦਾਰ ਕਹਾਉਣ ਵਾਲੇ ਗੁਰੂ ਨੂੰ ਪਿੱਠ ਦਿਖਾ ਕੇ ਸੌਦਾ ਸਾਧ ਨਾਲ ਯਾਰੀਆਂ ਪੁਗਾ ਰਹੇ ਹਨ ।ਉਕਤ ਸਾਰੇ ਘਟਨਾਕ੍ਰਮ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਥ ਦਾ ਜਿਆਦਾ ਨੁਕਸਾਨ ਪੰਥਕ ਭੇਖ ਵਿਚ ਵਿਚਰ ਰਹੇ ਆਪਣੇ ਹੀ ਕਰ ਰਹੇ ਹਨ ਕਿਉਂਕਿ ਕਾਂਗਰਸ-ਭਾਜਪਾ ਤਾਂ ਸਿੱਧੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਵਿਰੁੱਧ ਖੜੇ ਹੋਏ ਹਨ ਪਰ ਆਪਣੇ ਆਪ ਨੂੰ ਸਬਦ ਗੁਰੂ ਦੇ ਅਨੁਯਾਈ ਕਹਾਉਣ ਵਾਲੇ ਹੀ ਸਬਦ ਗੁਰੂ ਦੇ ਸਿਧਾਂਤ ਨੂੰ ਤਿਲਾਂਜਲੀ ਦੇ ਕੇ ਦੇਹਧਾਰੀ ਪਖੰਡੀਆਂ ਨੂੰ ਪੰਜਾਬ ਵਿਚ ਸ਼ਹਿ ਦੇ ਰਹੇ ਹਨ। ਆਓ! ਆਪਾਂ ਪੰਥ ਪ੍ਰਤੀ ਆਪਣਾ ਫਰਜ਼ ਪਛਾਣਦੇ ਹੋਏ ਇਹਨਾਂ ਪੰਥ ਦੋਖੀਆਂ ਅਤੇ ਗੱਦਾਰਾਂ ਨੂੰ ਭਾਂਜ ਦੇਣ ਲਈ ਕੇਸਰੀ ਨਿਸ਼ਾਨ ਸਾਹਿਬ ਦੀ ਅਗਵਾਈ ਵਿਚ ਇਕੱਠੇ ਹੋਈਏ।

## ਬੇਨਤੀ ਕਰਤਾ: ਪੰਜ ਪਿਆਰੇ:

**ਜਥੇਦਾਰ ਬਾਬਾ ਚੜ੍ਹਤ ਸਿੰਘ ਨਿਹੰਗ, ਜਥੇਦਾਰ ਭਾਈ ਹਰਮੀਤ ਸਿੰਘ, ਜਥੇਦਾਰ ਭਾਈ ਮਨਜੀਤ ਸਿੰਘ, ਜਥੇਦਾਰ ਭਾਈ ਹਰਨੇਕ ਸਿੰਘ, ਜਥੇਦਾਰ ਭਾਈ ਸਵਰਨ ਸਿੰਘ ਦਾਦੂ ਸਾਹਿਬ**

**ਜਾਰੀ ਕਰਤਾ:** ਬਾਬਾ ਬਲਜੀਤ ਸਿੰਘ ਦਾਦੂ ਸਾਹਿਬ ਵਾਲੇ, ਭਾਈ ਹਰਪਾਲ ਸਿੰਘ ਚੀਮਾ, ਭਾਈ ਬਲਜਿੰਦਰ ਸਿੰਘ ਖਾਲਸਾ, ਭਾਈ ਸੁਖਵਿੰਦਰ ਸਿੰਘ ਖਾਲਸਾ, ਬਾਬਾ ਹਰਦੀਪ ਸਿੰਘ ਮਹਿਰਾਜ, ਬਾਬਾ ਅਵਤਾਰ ਸਿੰਘ ਸਾਧਾਂਵਾਲੀ, ਬਾਬਾ ਦਰਸ਼ਨ ਸਿੰਘ ਦਾਦੂ ਸਾਹਿਬ, ਭਾਈ ਸਵਰਨ ਸਿੰਘ ਰਤੀਆ, ਭਾਈ ਪਰਕਾਸ਼ ਸਿੰਘ ਸਿਰਸਾ ਅਤੇ ਭਾਈ ਦਲਜੀਤ ਸਿੰਘ ਬਿੱਟੂ।